# ਮਾੱਡਲ ਟੈਸਟ ਪੇਪਰ

## ਸ਼੍ਰੇਣੀ - ਅੱਠਵੀਂ

## ਵਿਸ਼ਾ -ਸੰਗੀਤ (ਗਾਇਨ)

## ਸੈਸ਼ਨ - 2023-2024

ਸਮਾਂ - 3 ਘੰਟੇ ਕੁਲ ਅੰਕ-45

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਤਾਨਪੁਰੇ ਵਿੱਚ ਕਿੰਨੀਆਂ ਤਾਰਾਂ ਹੁੰਦੀਆਂ ਹਨ?
2. ਸੰਗੀਤ ਵਿੱਚ ਕਿੰਨੀਆਂ ਉਪ - ਜਾਤੀਆਂ ਹਨ?
3. ਕੋਮਲ ਸੁਰਾਂ ਲਈ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ?
4. ਪੰਡਿਤ ਦਲੀਪ ਚੰਦਰ ਬੇਦੀ ਜੀ ਦਾ ਜਨਮ ਕਦੋਂ ਹੋਇਆ?
5. ਜਿਸ ਰਾਗ ਦੇ ਆਰੋਹ ਵਿੱਚ 5 ਅਤੇ ਅਵਰੋਹ ਵਿੱਚ 7 ਸਵਰਾਂ ਦਾ ਪ੍ਰਯੋਗ ਹੋਵੇ, ਉਹ ਕਿਹੜੀ ਜਾਤੀ ਦਾ ਰਾਗ ਹੁੰਦਾ ਹੈ?
6. ਤਾਨਪੁਰੇ ਵਿੱਚ ਖੂੰਟਿਆਂ ਕਿਸ ਕੰਮ ਆਉਂਦੀਆਂ ਨੇ?
7. ਰਾਗ ਖਮਾਜ ਕਿਸ ਜਾਤੀ ਦਾ ਰਾਗ ਹੈ?
8. ਇੱਕਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
9. ਝੱਪਤਾਲ ਦੀ ਕਿਹੜੀ ਮਾਤਰਾ ਤੇ "ਧਿਨ" ਦਾ ਬੋਲ ਆਉਂਦਾ ਹੈ?
10. ਰਾਗ ਭੈਰਵੀ ਦਾ ਵਾਦੀ ਸੁਰ ਕੀ ਹੈ? (10X1=10)

(ਖ) ਖਾਲੀ ਥਾਵਾਂ

11. ਦਲੀਪ ਚੰਦਰ ਬੇਦੀ ਜੀ ਦਾ ਜਨਮ__________ਵਿੱਖੇ ਹੋਇਆ।
12. ਖਰਾਬ ਤੇ ਬੇਸੁਰੀ ਆਵਾਜ਼ ਗਾਇਕ ਦਾ_________ਹੈ।
13. ਥਾਟ ਨੂੰ ___________ ਵੀ ਕਹਿੰਦੇ ਹਨ।
14. ਖਮਾਜ ਰਾਗ ਦੇ ਅਵਰੋਹ ਵਿੱਚ____________ਸਵਰ ਵਰਜਿਤ ਹੁੰਦਾ ਹੈ।
15. ਇੱਕਤਾਲ ਵਿੱਚ__________ਮਾਤਰਾਵਾਂ ਹੁੰਦੀਆਂ ਹਨ। (5X1=5)

(ਗ) ਸਹੀ/ਗ਼ਲਤ

16. ਥਾਟ ਗਾਏ/ਵਜਾਏ ਜਾਂਦੇ ਹਨ।
17. ਤਾਲ ਵਿੱਚ ਖਾਲੀ ਲਈ, ਕਿਸੇ ਚਿੰਨ੍ਹ ਦੀ ਵਰਤੋਂ ਨਹੀਂ ਕੀਤੀ ਜਾਂਦੀ।
18. ਰਾਗ ਖਮਾਜ, ਖਮਾਜ ਥਾਟ ਤੋਂ ਉਤਪੰਨ ਨਹੀਂ ਹੁੰਦਾ ਹੈ।
19. ਇੱਕਤਾਲ ਨੂੰ ਤਬਲੇ ਉੱਤੇ ਵਜਾਇਆ ਜਾਂਦਾ ਹੈ। (4X1=4)

## ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਸਮ ਅਤੇ ਵਿਭਾਗ ਦੀ ਤਾਲ ਵਿੱਚ ਕੀ ਮਹੱਤਤਾ ਹੈ, ਜਾਣਕਾਰੀ ਦਿਓ।
21. ਤਾਲ ਵਿੱਚ ਤਾਲੀ ਅਤੇ ਖਾਲੀ ਬਾਰੇ ਦੱਸੋ।
22. ਜਾਤੀ ਦੀ ਪਰਿਭਾਸ਼ਾ ਦਿੰਦੇ ਹੋਏ, ਸੰਪੂਰਣ ਜਾਤੀ ਦੀਆਂ ਉਪਜਾਤੀਆਂ ਨੂੰ ਵਿਸਤਾਰ ਨਾਲ ਸਮਝਾਓ।
23. ਭਾਤਖੰਡੇ ਜੀ ਦੀ ਸਵਰ ਲਿਪੀ ਵਿੱਚ ਸਵਰਾਂ(ਸ਼ੁੱਧ, ਕੋਮਲ, ਤੀਵਰ) ਦੇ ਚਿੰਨ੍ਹਾਂ ਨੂੰ ਵਿਸਤਾਰ ਨਾਲ ਸਮਝਾਓ।
24. ਤਾਲ ਵਿੱਚ ਖਾਲੀ ਬਾਰੇ ਲਿਖੋ।
25. ਇੱਕਤਾਲ ਦਾ ਪਰਿਚੈ ਲਿਖੋ।
26. ਰਾਗ ਭੈਰਵੀ ਦਾ ਪਰਿਚੈ ਲਿਖੋ।
27. ਰਾਗ ਖਮਾਜ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ। (8x2=16)

## ਭਾਗ – ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਪੰਡਿਤ ਦਲੀਪ ਚੰਦਰ ਬੇਦੀ ਜੀ ਦਾ ਜੀਵਨ ਪਰਿਚੈ ਲਿਖੋ।

ਜਾਂ

ਸ਼ਾੜਵ ਜਾਤੀ ਬਾਰੇ ਦੱਸਦੇ ਹੋਏ, ਸ਼ਾੜਵ ਜਾਤੀ ਦੀਆਂ ਉਪਜਾਤੀਆਂ ਬਾਰੇ ਲਿਖੋ।

29. ਰਾਗ ਖਮਾਜ ਵਿੱਚ ਦਰੁੱਤ/ਛੋਟੇ ਖਿਆਲ ਦੀ ਸੁਰਲਿਪੀ ਲਿਖੋ।

ਜਾਂ

ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ। (2X5=10)